# ਇਹ ਹਮਾਰਾ

27-1-96 Part I

## ਨਰਸਿਮ੍ਹਾ ਰਾਓ ਬਨਾਮ ਗਾਂਧੀ ਜੀ

ਗੁਰਸ਼ਰਨ ਸਿੰਘ

ਪਿਆਰੇ ਗਾਂਧੀ ਜੀ, ਤੁਸੀਂ 1947 ਵਿਚ ਕਿਹਾ ਸੀ ਕਿ ਕਾਂਗਰਸ ਪਾਰਟੀ ਨੂੰ ਤੋੜ ਦੇਣਾ ਚਾਹੀਦਾ ਹੈ, ਕਿਉਂਕਿ ਹੁਣ ਇਹਦੀ ਕਾਰਜਕਤਾ ਖਤਮ ਹੋ ਗਈ ਹੈ। ਪਰ ਉਸ ਵੇਲੇ ਤੁਹਾਡੇ ਚਹੇਤੇ ਪੈਰੋਕਾਰਾਂ ਨੇ, ਜਿਨ੍ਹਾਂ ਵਿਚ ਜਵਾਹਰ ਲਾਲ ਨਹਿਰੂ, ਸਰਦਾਰ ਪਟੇਲ, ਮੌਲਾਨਾ ਆਜ਼ਾਦ, ਡਾ. ਰਾਜਿੰਦਰ ਪ੍ਰਸ਼ਾਦ ਆਦਿਕ ਸ਼ਾਮਲ ਸਨ, ਤੁਹਾਡੀ ਗੱਲ ਮੰਨੀ ਨਹੀਂ ਸੀ। ਮੈਂ 49 ਸਾਲਾਂ ਬਾਅਦ ਤੁਹਾਡੀ ਗੱਲ ਮੰਨ ਲਈ ਹੈ। ਭਾਵੇਂ ਰਸਮੀ ਤੌਰ 'ਤੇ ਪਾਰਟੀ ਹਾਲੀ ਤੋੜੀ ਨਹੀਂ ਗਈ ਪਰ ਮੈਂ ਇਹਦੀਆਂ ਜੜ੍ਹਾਂ ਵਿਚ ਐਸਾ ਤੇਲ ਦਿੱਤਾ ਹੈ ਕਿ ਹੁਣ ਇਹ ਆਪਣੇ ਆਪ ਮਰਨ ਕਿਨਾਰੇ ਹੈ। ਇਸ ਨੇਕ ਕੰਮ ਲਈ ਪਿਛਲੇ ਕੁਝ ਸਾਲਾਂ ਵਿਚ ਮੈਂ ਜੋ ਕੁਝ ਕਰ ਸਕਿਆ, ਉਹਦੇ ਬਾਰੇ ਤੁਹਾਨੂੰ ਜਾਣਕਾਰੀ ਦੇਣਾ ਆਪਣਾ ਫਰਜ਼ ਸਮਝਦਾ ਹਾਂ। ਮੇਰੀ ਕਾਰਜਕਾਰੀ ਰਿਪੋਰਟ ਅਪ੍ਰੈਲ 1992 ਤੋਂ ਸ਼ੁਰੂ ਹੁੰਦੀ ਹੈ।

**ਅਪ੍ਰੈਲ 1992**—ਮੈਨੂੰ ਆਲ ਇੰਡੀਆ ਕਾਂਗਰਸ ਕਮੇਟੀ ਵਿਚ ਲੋੜੀਂਦਾ ਸਮਰਥਨ ਨਾ ਮਿਲਿਆ। ਕਮੇਟੀ ਵਿਚ ਮੇਰੇ ਵਿਰੋਧੀਆਂ ਦੀ ਗਿਣਤੀ ਬਹੁਤੀ ਸੀ। ਮੈਂ ਕਮੇਟੀ ਦੇ ਵਿਧਾਨ ਵਿਚ ਤਬਦੀਲੀ ਕਰਕੇ ਪਛੜੀਆਂ ਜਾਤੀਆਂ ਅਤੇ ਕਬਾਇਲੀ ਕੌਮੀਅਤਾਂ ਵਿਚੋਂ ਮੈਂਬਰ ਨਾਮਜ਼ਦ ਕਰਨ ਦਾ ਹੱਕ ਲੈਂਦਿਆਂ ਅਤੇ ਕਾਂਗਰਸ ਕਮੇਟੀ ਵਿਚ ਆਪਣੇ ਪੈਰੋਕਾਰਾਂ ਦੀ ਗਿਣਤੀ ਵਧਾ ਲਈ। ਆਉਣ ਵਾਲੇ ਸਮੇਂ ਵਿਚ ਇਸ ਕਦਮ ਨੇ ਮੇਰੀ ਬੜੀ ਮਦਦ ਕੀਤੀ। ਮੇਰੇ ਵਿਰੋਧੀ ਇਕ-ਇਕ ਕਰਕੇ ਕਾਂਗਰਸ ਛੱਡ ਗਏ ਪਰ ਮੈਂ ਉਸੇ ਦਾ ਉਸੇ ਤਰ੍ਹਾਂ ਕਾਇਮ ਰਿਹਾ।

**ਦਸੰਬਰ 1992**—ਬਾਬਰੀ ਮਸਜਿਦ ਢਾਹ ਦਿੱਤੀ ਗਈ। ਮੈਂ ਮੂਕ ਦਰਸ਼ਕ ਬਣਕੇ ਦੇਖਦਾ ਰਿਹਾ। ਮੈਂ ਚੁੱਪ-ਵਰਤ ਧਾਰੀ ਰੱਖਿਆ। ਇਹ ਚੁੱਪ-ਵਰਤ ਸਾਨੂੰ ਸਾਡੇ ਰਿਸ਼ੀਆਂ-ਮੁਨੀਆਂ ਦੀ ਦੇਣ ਹੈ, ਮੈਂ ਉਹਨਾਂ ਦਾ ਪਾਲਣ ਕੀਤਾ।

**ਜੂਨ 1993**—ਹਰਸ਼ਦ ਮਹਿਤਾ ਨੇ ਕਿਹਾ ਕਿ ਮੈਨੂੰ ਉਹਨੇ ਇਕ ਅਟੈਚੀਕੇਸ ਦਿੱਤਾ, ਜਿਸ ਵਿਚ ਇਕ ਕਰੋੜ ਰੁਪਿਆ ਸੀ। ਦਿੱਤਾ ਸੀ ? ਜਾਂ ਨਹੀਂ ਦਿੱਤਾ ਸੀ ? ਮੈਂ ਕੋਈ ਜਵਾਬ ਨਹੀਂ ਦਿੱਤਾ ਸਗੋਂ ਇਹ ਸਵਾਲ ਹਵਾ ਵਿਚ ਲਟਕਾ ਦਿੱਤਾ ਅਤੇ ਇਹ ਸਵਾਲ ਹੁਣ ਤੱਕ ਹਵਾ ਵਿਚ ਲਟਕਿਆ ਹੋਇਆ ਹੈ।

**ਜੁਲਾਈ 1993**—ਮੈਂ ਆਪਣੀ ਸਰਕਾਰ ਨੂੰ ਇਕ ਵੋਟ ਨਾਲ ਡਿਗਣ ਤੋਂ ਬਚਾ ਲਿਆ। ਝਾਰਖੰਡ ਮੁਕਤੀ ਮੋਰਚੇ ਦੇ ਕੁਝ ਮੈਂਬਰ ਖਰੀਦ ਲਏ। ਕਿੰਨੇ ਵਿਚ ਖਰੀਦੇ ਇਹ ਮੈਨੂੰ ਯਾਦ ਨਹੀਂ। ਪਰ ਉਹਨਾਂ ਮੈਂਬਰਾਂ ਦੇ ਬੈਂਕ ਖਾਤੇ ਦੱਸਦੇ ਹਨ ਕਿ ਇਹ ਰਕਮ ਕਰੋੜਾਂ ਵਿਚ ਸੀ। ਮੈਂ ਸਰਕਾਰ ਬਚਾਣੀ ਸੀ, ਉਹ ਬਚਾ ਲਈ।

**ਦਸੰਬਰ 1994**—ਕਾਂਗਰਸ ਪਾਰਟੀ ਕਰਨਾਟਕ ਅਤੇ ਆਂਧਰਾ ਪ੍ਰਦੇਸ਼ ਵਿਚ ਬੁਰੀ ਤਰ੍ਹਾਂ ਹਾਰ ਗਈ। ਵਿਰੋਧੀਆਂ ਨੇ ਕਿਹਾ ਮੈਂ ਹਾਰ ਦੀ ਜ਼ਿੰਮੇਵਾਰੀ ਲੈਂਦਿਆਂ ਹੋਇਆਂ ਅਸਤੀਫਾ ਦਿਆਂ। ਮੈਂ ਅਸਤੀਫਾ ਨਹੀਂ ਦਿੱਤਾ। ਇਹ ਹਾਰਾਂ-ਜਿੱਤਾਂ ਤਾਂ ਹੁੰਦੀਆਂ ਹੀ ਰਹਿੰਦੀਆਂ ਹਨ। ਹਕੂਮਤ ਕਰਨ ਦਾ ਮੌਕਾ ਰੋਜ਼-ਰੋਜ਼ ਥੋੜ੍ਹਾ ਮਿਲਦਾ ਹੈ ?

**ਜੂਨ 1995**—ਵਿਰੋਧੀਆਂ ਨੇ ਕਿਹਾ ਕਿ ਸੋਨੀਆ ਗਾਂਧੀ ਕਾਂਗਰਸ ਦੀ ਵਾਗਡੋਰ ਸੰਭਾਲੇ। ਮੈਂ ਕਿਹਾ ਐਵੇਂ ਸੰਭਾਲੇ, ਮੈਂ ਸੰਭਾਲਣ ਦੇਣਾ ਹਾਂ ? ਫੇਰ ਸੋਨੀਆ ਗਾਂਧੀ ਨੇ ਅਮੇਠੀ ਜਾ ਕੇ ਬਿਆਨ ਦਾਗ ਦਿੱਤਾ ਕਿ ਮੈਂ ਰਾਜੀਵ ਗਾਂਧੀ ਕਤਲ ਕੇਸ ਦੀ ਤਫਤੀਸ਼ ਵਿਚ ਢਿੱਲ-ਮੱਠ ਵਿਖਾ ਰਿਹਾ ਹਾਂ। ਮੈਂ ਕਿਹਾ ਇਹ

**ਅੰਗੇਰਜ਼ੀ ਦਾ ਇਕ ਸ਼ਬਦ ਹੈ 'ਕੈਥਾਰਸਿਸ-ਮਤਲਬ ਕਿ ਗਲਤ ਗੱਲ ਵੇਖਕੇ ਬੁੜ-ਬੁੜ ਕਰਕੇ ਜਾਂ ਫੇਰ ਥੋੜ੍ਹਾ ਬਹੁਤ ਰੌਲਾ ਪਾ ਕੇ ਗੁੱਸਾ ਕੱਢ ਲਵੋ ਪਰ ਗੱਲ ਉਥੇ ਦੀ ਉਥੇ ਹੀ ਰਵ੍ਹੇ। ਲੋੜ ਹੈ ਕਿ ਆਵਮੀ ਜਥੇਬੰਦੀਆਂ ਅੰਦੋਲਨ ਕਰਨ ਅਤੇ ਪ੍ਰਬੰਧਕਾਂ ਦੀ ਨਾਲਾਇਕੀ ਲੋਕਾਂ ਵਿਚ ਨੰਗੀ ਕਰਕੇ ਪ੍ਰਬੰਧਕਾਂ ਨੂੰ ਮਜਬੂਰ ਕਰਨ ਕਿ ਉਹ ਇਸ ਸੰਕਟ ਦਾ ਹੱਲ ਲੱਭਣ। ਜਿੰਨਾ ਚਿਰ ਬਿਜਲੀ ਪੂਰੀ ਨਹੀਂ ਤਾਂ ਉਹਦੀ ਪੀੜ ਸ਼ਹਿਰਾਂ ਤੇ ਪਿੰਡਾਂ ਵਿਚ ਬਰਾਬਰ ਦੀ ਵੰਡਣ। ਚੱਠਾ ਸਾਹਿਬ ਨੂੰ ਘਰੋਂ ਬੈਠਿਆਂ ਨੂੰ ਉਠਾਕੇ ਬਿਜਲੀ ਮਹਿਕਮੇ ਦਾ ਮੁਖੀ ਬਣਾਇਆ ਗਿਆ ਹੈ। ਕੀ ਇਹ ਪ੍ਰਬੰਧਕੀ ਲਿਆਕਤ ਕਰਕੇ ਬਣਾਇਆ ਗਿਆ ਹੈ ਜਾਂ ਉਨ੍ਹਾਂ ਦੀ ਪੈਸੇ ਇਕੱਠੇ ਕਰਨ ਦੀ ਪ੍ਰਤਿਭਾ ਕਰਕੇ ਬਣਾਇਆ ਗਿਆ ਹੈ ?**

ਢਿੱਲ-ਮੱਠ ਭਾਰਤੀ ਅਦਾਲਤਾਂ ਦਾ ਦਸਤੂਰ ਹੈ, ਯਾਨੀ ਮੈਂ ਆਪਣੀ ਜ਼ਿੰਮੇਵਾਰੀ ਅਦਾਲਤਾਂ 'ਤੇ ਸੁੱਟ ਕੇ ਸੁਰਖਰੂ ਹੋ ਗਿਆ। ਉਹ ਇਟਲੀ ਦੀ ਜੰਮਪਲ ਔਰਤ ਭਾਰਤ ਦੀ ਰਾਜਨੀਤੀ ਕਿਸ ਤਰ੍ਹਾਂ ਸਮਝ ਸਕਦੀ ਏ ?

**ਅਕਤੂਬਰ 1995**—ਚੰਦਰਾਸਵਾਮੀ ਬਾਰੇ ਰਾਜੇਸ਼ ਪਾਇਲਟ ਨੇ ਕਿਹਾ ਕਿ ਉਹਨੂੰ ਜੇਲ੍ਹ ਭੇਜੋ। ਮੈਂ ਕਿਹਾ ਪਹਿਲਾਂ ਤੂੰ ਤਾਂ ਗ੍ਰਹਿ ਮੰਤਰਾਲੇ ਤੋਂ ਬਾਹਰ ਜਾਹ। ਮੈਂ ਬੋਲਦਾ ਨਹੀਂ ਹੁੰਦਾ ਸਿਰਫ ਐਕਸ਼ਨ ਕਰਦਾ ਹਾਂ ਤੇ ਮੈਂ ਐਕਸ਼ਨ ਕੀਤਾ।

**ਜਨਵਰੀ 1996**—ਹਵਾਲਾ-ਕਾਂਡ ਲੋਕਾਂ ਦੇ ਸਾਹਮਣੇ ਆ ਗਿਆ। ਮੈਂ ਕਈ ਵਜ਼ੀਰਾਂ ਨੂੰ ਅਸਤੀਫਾ ਦੇਣ ਤੇ ਮਜਬੂਰ ਕਰ ਦਿੱਤਾ। ਹੁਣ ਧੁੱਪ ਪਏ ਸੇਕਦੇ ਨੇ। ਧੁੱਪ ਵਿਚ ਸੁੱਕਦੇ 'ਬੂਟੇ' ਨੂੰ ਕੋਈ ਪਾਣੀ ਦੇਣ ਵਾਲਾ ਨਹੀਂ।

**ਫਰਵਰੀ 1996**—ਅਦਾਲਤਾਂ ਨੇ ਕਈ ਘਪਲਿਆਂ ਦੇ ਕੇਸ ਸਾਹਮਣੇ ਲਿਆਂਦੇ ਹਨ। ਇਕ ਵਿਚ ਮੇਰੇ ਪੁੱਤਰ ਨੇ ਵੀ ਹੀਰੋ ਦੀ ਭੂਮਿਕਾ ਨਿਭਾਈ ਹੈ। ਉਹ ਖਾਦ ਸਕੈਂਡਲ ਹੈ। ਇਕ ਵੱਡੇ ਵਜ਼ੀਰ ਦਾ ਪੁੱਤਰ ਜੇਲ੍ਹ ਦੀ ਹਵਾ ਵੀ ਖਾ ਰਿਹਾ ਹੈ। ਇਹ ਸਕੈਂਡਲ ਭਾਰਤੀ ਰਾਜਨੀਤੀ ਵਿਚ ਕੋਈ ਨਵੀਂ ਗੱਲ ਨਹੀਂ।